www.a2zpapers.com

Exam. Code : 108602
Subject Code : 2647

## B.Sc. Fashion Designing 2nd Semester

## PUNJABI COMPULSORY

### Paper—VI (i)

Time Allowed—Three Hours] [Maximum Marks—50

1. "ਅਚੇਤਨ ਦਾ [illegible] ਤੇ ਸੁਭਾਅ" ਨਿਬੰਧ ਦਾ ਵਿਸ਼ਾ-ਵਸਤੂ ਲਿਖੋ।

ਜਾਂ

"ਮਨੁੱਖੀ ਅਧਿਕਾਰ" ਨਿਬੰਧ ਦਾ ਸਾਰ ਲਿਖੋ। 10

2. "ਸਾਂਝੀ ਕੰਧ" ਕਹਾਣੀ ਦਾ ਵਿਸ਼ਾ-ਵਸਤੂ ਲਿਖੋ। 10

3. ਨਾਂਵ, ਪੜਨਾਂਵ ਅਤੇ ਵਿਸ਼ੇਸ਼ਣ ਸ਼ਬਦ ਸ਼੍ਰੇਣੀਆਂ ਦੀ ਪਰਿਭਾਸ਼ਾ ਅਤੇ ਕਿਸਮਾਂ ਬਾਰੇ ਜਾਣਕਾਰੀ ਦਿਓ। 10

4. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਪੈਰਾ ਰਚਨਾ ਕਰੋ :

(ੳ) ਮਿੱਤਰਤਾ

(ਅ) ਭਰੂਣ-ਹੱਤਿਆ

(ੲ) ਪ੍ਰਦੂਸ਼ਣ। 5

5. ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਗੁਰੂ ਗੋਬਿੰਦ ਸਿੰਘ ਜੀ ਸੰਤ ਸਿਪਾਹੀ ਹੋਣ ਦੇ ਨਾਲ-ਨਾਲ ਇੱਕ ਬਹੁਪ੍ਰਕਾਰੀ ਅਤੇ ਵਡਆਕਾਰੀ ਕਵੀ ਵੀ ਸਨ। ਉਹਨਾਂ ਦੀ



www.a2zpapers.com

www.a2zpapers.com

ਸਮੁੱਚੀ ਬਾਣੀ 'ਦਸਮ ਗ੍ਰੰਥ' ਵਿੱਚ ਸੰਕਲਿਤ ਹੈ ਜਿਸ ਵਿੱਚੋਂ ਜਾਪ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਦੀ ਵਾਰ ਅਤੇ ਜ਼ਫ਼ਰਨਾਮਾ ਵਧੇਰੇ ਪ੍ਰਸਿੱਧ ਬਾਣੀਆਂ ਹਨ। ਗੁਰੂ ਜੀ ਸਮੇਂ ਆਨੰਦਪੁਰ ਸਾਹਿਤ ਰਚਨਾ ਦਾ ਇੱਕ ਪ੍ਰਮੁੱਖ ਕੇਂਦਰ ਬਣਕੇ ਉੱਭਰਿਆ। ਗੁਰੂ ਜੀ ਦੀ ਬਹੁਤੀ ਰਚਨਾ ਬ੍ਰਜ ਭਾਸ਼ਾ ਵਿੱਚ ਹੈ, ਜਦਕਿ ਜ਼ਫ਼ਰਨਾਮਾ ਫ਼ਾਰਸੀ ਵਿੱਚ ਹੈ। ਪੰਜਾਬੀ ਵਿੱਚ ਆਪ ਜੀ ਦੇ ਕੇਵਲ ਦੋ ਸ਼ਬਦ ਅਤੇ ਇੱਕ ਵਾਰ 'ਚੰਡੀ ਦੀ ਵਾਰ' ਜਾਂ 'ਵਾਰ ਸ੍ਰੀ ਭਗਉਤੀ ਜੀ ਕੀ' ਮਿਲਦੀ ਹੈ। ਗੁਰੂ ਗੋਬਿੰਦ ਸਿੰਘ ਜੀ ਮੂਲ ਰੂਪ ਵਿੱਚ ਗੁਰਮਤਿ ਕਾਵਿ-ਪਰੰਪਰਾ ਦੇ ਕਵੀ ਸਨ, ਇਸ ਲਈ ਉਹਨਾਂ ਦੀ ਸਮੁੱਚੀ ਕਾਵਿ-ਰਚਨਾ ਦਾ ਕੇਂਦਰ 'ਅਧਿਆਤਮ' ਹੈ।

(ੳ) ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਬਾਣੀ ਕਿਸ ਗ੍ਰੰਥ ਵਿੱਚ ਹੈ?

(ਅ) ਗੁਰੂ ਗੋਬਿੰਦ ਸਿੰਘ ਜੀ ਦੀਆਂ ਪ੍ਰਸਿਧ ਬਾਣੀਆਂ ਕਿਹੜੀਆਂ ਹਨ?

(ੲ) ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਕਿਹੜਾ ਸਥਾਨ ਸਾਹਿਤ-ਰਚਨਾ ਦਾ ਅਹਿਮ ਕੇਂਦਰ ਬਣਿਆ?

(ਸ) ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਵਿੱਚ ਮਿਲਦੀ ਹੈ?

(ਹ) ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਕਾਵਿ-ਰਚਨਾ ਦਾ ਕੇਂਦਰ ਕੀ ਹੈ? 5



www.a2zpapers.com

www.a2zpapers.com

6. ਹੇਠ ਲਿਖੇ ਅਖਾਣਾਂ ਅਤੇ ਮੁਹਾਵਰਿਆਂ ਵਿੱਚੋਂ ਪੰਜ-ਪੰਜ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

ਅਖਾਣ : ਉਲਟਾ ਚੋਰ ਕੋਤਵਾਲ ਨੂੰ ਡਾਂਟੇ, ਆਪਣਾ ਨੀਂਗਰ ਪਰਾਇਆ ਢੀਂਗਰ, ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ, ਇੱਕ ਚੋਰੀ ਦੂਜਾ ਸੀਨਾ ਜੋਰੀ, ਸੌ ਦਿਨ ਚੋਰ ਦਾ ਇੱਕ ਦਿਨ ਸਾਧ ਦਾ, ਸਖੀ ਨਾਲੋਂ ਸੂਮ ਭਲਾ ਜੋ ਦੇਵੇ ਤੁਰੰਤ ਜਵਾਬ, ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ, ਕਲਾ ਕਲੰਦਰ ਵੱਸੇ ਤੇ ਘੜਿਓਂ ਪਾਣੀ ਨੱਸੇ।

ਮੁਹਾਵਰੇ : ਉਖਲੀ ਵਿੱਚ ਸਿਰ ਦੇਣਾ, ਅਕਲ 'ਤੇ ਪਰਦਾ ਪੈਣਾ, ਇੱਕ ਅੱਖ ਨਾਲ ਵੇਖਣਾ, ਦਿਨ ਰਾਤ ਇੱਕ ਕਰਨਾ, ਦੰਦ ਖੱਟੇ ਕਰਨਾ, ਪੱਟੀ ਪੜ੍ਹਾਉਣੀ, ਬੇੜੀਆਂ ਵਿੱਚ ਵੱਟੇ ਪਾਉਣਾ, ਮੱਖੀਆਂ ਮਾਰਨੀਆਂ। 5+5=10



www.a2zpapers.com